SBEC BRAMPTON
SMALL BUSINESS ENTERPRISE CENTRE
www.brampton-business.com
33 Queen St. West, ਪਹਿਲੀ ਮੰਜ਼ਿਲ, Brampton, ON L6Y 1L9
ਫ਼ੋਨ: 905-874-2650   ਫ਼ੈਕਸ: 905-874-2670

# ਰਿਹਾਇਸ਼ੀ ਮਕਾਨ ਵਿੱਚ ਕਾਰੋਬਾਰ ਚਲਾਉਣ ਬਾਰੇ ਤੱਥਾਂ ਦਾ ਪਰਚਾ

**ਸਿਟੀ ਆਫ਼ ਬਰੈਂਪਟਨ ਹੇਠਾਂ ਦਰਜ ਹਾਲਾਤ ਨੂੰ ਆਮ ਤੌਰ 'ਤੇ "ਮਕਾਨ ਵਿੱਚੋਂ ਕਾਰੋਬਾਰ ਕਰਦੇ ਹੋਣ" ਦੀ ਪਰੀਭਾਸ਼ਾ ਮੰਨਦਾ ਹੈ:**

1. ਹੇਠ ਲਿਖੀਆਂ ਸ਼ਰਤਾਂ ਅਤੇ ਬੰਦਸ਼ਾਂ ਤਹਿਤ ਕਿਸੇ ਇੱਕ ਪਰਿਵਾਰ ਲਈ ਬਣੇ ਡੀਟੈਚਡ ਮਕਾਨ ਵਿੱਚ ਕਾਰੋਬਾਰ ਚਲਾਇਆ ਜਾ ਸਕਦਾ ਹੈ:

(a) ਇਹ ਕਾਰੋਬਾਰ ਸਿਰਫ ਮਕਾਨ ਵਿੱਚ ਰਹਿਣ ਵਾਲੇ ਵਿਅਕਤੀ ਜਾਂ ਉਸ ਦੇ ਪਰਿਵਾਰ ਦੇ ਕਿਸੇ ਮੈਂਬਰ ਵੱਲੋਂ ਕੀਤਾ ਜਾਵੇ ਜੋ ਉੱਥੇ ਰਹਿੰਦਾ ਹੋਵੇ;

(b) ਮਕਾਨ ਦੀ ਵਰਤੋਂ ਵਿੱਚ ਰਿਹਾਇਸ਼ ਮੁੱਖ ਮਕਸਦ ਹੋਵੇ ਅਤੇ ਕਾਰੋਬਾਰ ਦਾ ਮਕਸਦ ਬਾਅਦ ਵਿੱਚ ਹੋਵੇ, ਅਤੇ ਬੇਸਮੈਂਟ ਜਾਂ ਤਹਿਖਾਨੇ ਤੋਂ ਇਲਾਵਾ ਕਾਰੋਬਾਰ ਮਕਾਨ ਦੇ ਕੁੱਲ ਰਿਹਾਇਸ਼ੀ ਇਲਾਕੇ ਦੇ 15 ਫ਼ੀ ਸਦੀ ਤੋਂ ਵਧੇਰੇ ਖੇਤਰ ਵਿੱਚ ਨਾ ਹੋਵੇ;

(c) ਕਾਰੋਬਾਰ ਕਿਸੇ ਲਾਗਵੀਂ ਇਮਾਰਤ ਜਾਂ ਪ੍ਰਾਈਵੇਟ ਗੈਰਾਜ ਵਿੱਚੋਂ ਚਲਾਇਆ ਜਾ ਸਕਦਾ ਹੈ;

(d) ਇੱਕ ਨਿਜੀ ਮਕਾਨ ਦੇ ਤੌਰ 'ਤੇ ਮਕਾਨ ਦੀ ਬਾਹਰੀ ਦਿੱਖ ਵਿੱਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ;

(e) ਉਸ ਜਗ੍ਹਾ ਵਿਖੇ ਬਣਾਏ ਜਾਂਦੇ ਸਮਾਨ ਤੋਂ ਇਲਾਵਾ ਵਿਕਰੀ ਵਾਸਤੇ ਕੋਈ ਮਾਲ, ਅਸਬਾਬ ਜਾਂ ਵਣਜ ਲਈ ਸੌਦਿਆਂ ਦੀ ਨੁਮਾਇਸ਼ ਨਹੀਂ ਹੋਣੀ ਚਾਹੀਦੀ ਜਾਂ ਵਿਕਰੀ ਲਈ ਦਿਖਾਵਾ ਨਹੀਂ ਹੋਣਾ ਚਾਹੀਦਾ;

(f) ਮਕਾਨ ਵਿਖੇ ਕੀਤੇ ਜਾਂਦੇ ਕਾਰੋਬਾਰ ਨਾਲ ਸੰਬੰਧਤ ਨਾਲ ਸੰਬੰਧਤ ਕੋਈ ਵੀ ਸਮੱਗਰੀ, ਮਾਲ ਜਾਂ ਗੱਡੀਆਂ ਬਾਹਰ ਨਹੀਂ ਰੱਖੀਆਂ ਹੋਣੀਆਂ ਚਾਹੀਦੀਆਂ;

(g) ਮਕਾਨ ਵਿਖੇ ਕੀਤੇ ਜਾਂਦੇ ਕਾਰੋਬਾਰ ਦੇ ਸੰਬੰਧ ਵਿੱਚ ਉੱਥੇ ਰਹਿੰਦੇ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਇੱਕ ਤੋਂ ਵੱਧ ਵਿਅਕਤੀ ਰੋਜ਼ਗਾਰਸ਼ੁਦਾ ਨਹੀਂ ਹੋਣਾ ਚਾਹੀਦਾ;

(h) ਇੱਕ ਸਾਈਨ ਲਗਾਏ ਜਾਣ ਦੀ ਇਜਾਜ਼ਤ ਹੁੰਦੀ ਹੈ ਜੋ ਇਮਾਰਤ ਨਾਲ ਲੱਗਿਆ ਹੋਵੇ ਅਤੇ ਇਹ 0.15 ਵਰਗ ਮੀਟਰ ਤੋਂ ਵੱਡਾ ਨਹੀਂ ਹੋਣਾ ਚਾਹੀਦਾ;

ਬਾਕੀ...

(i) ਕਿਸੇ ਮਕਾਨ ਵਿੱਚ ਇੱਕ ਤੋਂ ਵਧੇਰੇ ਕਾਰੋਬਾਰ ਕੀਤੇ ਜਾਣ ਦੀ ਇਜਾਜ਼ਤ ਨਹੀਂ ਹੁੰਦੀ; ਅਤੇ,

(j) ਮਕਾਨਾਂ ਵਿੱਚ ਹੇਠ ਲਿਖੇ ਕਾਰੋਬਾਰ ਖੋਲ੍ਹਣ ਦੀ ਇਜਾਜ਼ਤ ਨਹੀਂ ਹੁੰਦੀ:

(i) ਮੋਟਰ ਗੱਡੀਆਂ ਜਾਂ ਇੰਟਰਨਲ ਕੰਬਸਚਨ ਇੰਜਣਾਂ ਦੀ ਮੁਰੰਮਤ ਜਾਂ ਸਰਵਿਸ; ਅਤੇ
(ii) ਕੋਈ ਵੀ ਅਜਿਹੀ ਵਰਤੋਂ ਜਿਹੜੀ ਕੀਤੇ ਜਾਂਦੇ ਕੰਮ-ਕਾਜ ਦੀ ਵਜ੍ਹਾ ਕਾਰਣ ਕੋਈ ਬੇਸਕੂਨੀ ਪੈਦਾ ਕਰੇ ਜਾਂ ਬੇਸਕੂਨੀ ਪੈਦਾ ਕਰਨ ਵਾਲੀ ਬਣ ਸਕੇ, ਜਾਂ ਰੌਲ਼ੇ-ਗੌਲ਼ੇ, ਕੰਬਣੀ, ਜਾਂ ਗੈਸਾਂ, ਧੂੰਏਂ, ਗਰਦ, ਲਿਸ਼ਕੋਰ, ਬਦਬੂ ਪੈਦਾ ਕਰਨ ਕਾਰਣ ਨਾਗਵਾਰ ਹੋਵੇ, ਜਾਂ ਕੋਈ ਵੀ ਹੋਰ ਅਜਿਹੀ ਵਰਤੋਂ ਕਰਨਾ ਜਿਸ ਨੂੰ ਨਫਰਤ ਦੇ ਲਾਇਕ ਮੰਨਿਆ ਜਾਵੇ, ਜਾਂ ਕੋਈ ਵਪਾਰ, ਕਾਰੋਬਾਰ ਜਾਂ ਕਾਰਖਾਨੇਦਾਰੀ ਜੋ ਨਾਗਵਾਰ ਹੋਵੇ।
(iii) ਕੋਈ ਮਾਲਸ਼ ਜਾਂ ਜਿਸਮ ਰਗੜਾਈ ਦਾ ਧੰਦਾ।

2. ਹੇਠ ਲਿਖੀਆਂ ਸ਼ਰਤਾਂ ਤਹਿਤ ਕਿਸੇ ਮਕਾਨ ਵਿੱਚ ਕੋਈ ਦਫਤਰ ਖੋਲ੍ਹਿਆ ਜਾ ਸਕਦਾ ਹੈ:

(a) ਕਿਸੇ ਇੱਕ ਮਕਾਨ ਵਿੱਚ ਇੱਕ ਤੋਂ ਵੱਧ ਦਫਤਰਾਂ ਦੀ ਇਜਾਜ਼ਤ ਨਹੀਂ ਹੋਵੇਗੀ;

(b) ਇਸ ਤਰ੍ਹਾਂ ਦਾ ਦਫਤਰ ਸਿਹਤ ਸੇਵਾਵਾਂ ਪੇਸ਼ ਕਰਨ ਵਾਲੇ ਵਿਅਕਤੀ - ਜਿਵੇਂ ਕਿਸੇ ਡਾਕਟਰ, ਦੰਦਾਂ ਦੇ ਡਾਕਟਰ, ਫਿਜ਼ੀਓਥੈਰਾਪਿਸਟ, ਮਾਲਸ਼ਾਂ ਦੇ ਮਾਹਿਰ, ਕਾਇਰੋਪ੍ਰੈਕਟਰ, ਸਾਈਕਿਆਟ੍ਰਿਸਟ, ਐਕਸ-ਰੇਅ ਜਾਂ ਅਲਟਰਾਸਾਊਂਡ ਚਲਾਉਣ ਵਾਲੇ ਮਾਹਿਰ ਵਗੈਰਾ – ਦਾ ਦਫਤਰ ਨਹੀਂ ਹੋਣਾ ਚਾਹੀਦਾ;

(c) ਇਹ ਦਫਤਰ ਅਜਿਹੀ ਕਿਸਮ ਦਾ ਹੋਣਾ ਚਾਹੀਦਾ ਹੈ ਕਿ ਇੱਕ ਵੇਲੇ ਇੱਕ ਤੋਂ ਵੱਧ ਮੁਲਾਕਾਤੀ ਕਦੇ ਨਹੀਂ ਮੌਜੂਦ ਹੋਣਾ ਚਾਹੀਦਾ;

(d) ਇਸ ਦਫਤਰ ਨੇ 15 ਵਰਗ ਮੀਟਰ ਤੋਂ ਵੱਧ ਥਾਂ ਨਹੀਂ ਮੱਲੀ ਹੋਣੀ ਚਾਹੀਦੀ;

(e) ਇਹ ਕੰਮ-ਕਾਜ ਮਕਾਨ ਵਿੱਚ ਰਹਿਣ ਵਾਲੇ ਵਿਅਕਤੀ, ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਹੀ ਚਲਾਇਆ ਜਾਣਾ ਚਾਹੀਦਾ ਹੈ ਅਤੇ ਦਫਤਰ ਨਾਲ ਸੰਬੰਧਤ ਕੋਈ ਵੀ ਮੁਲਾਜ਼ਮ ਉਸ ਜਗ੍ਹਾ ਮੌਜੂਦ ਨਹੀਂ ਹੋਣਾ ਚਾਹੀਦਾ;

(f) ਬਾਹਰ ਲਾਏ ਜਾਣ ਵਾਲੇ ਕਿਸੇ ਵੀ ਸਾਈਨ ਦੀ ਇਜਾਜ਼ਤ ਨਹੀਂ ਹੋਵੇਗੀ;

(g) ਵਿਕਰੀ ਵਾਸਤੇ ਕਿਸੇ ਮਾਲ, ਅਸਬਾਬ ਜਾਂ ਵਣਜ ਲਈ ਸੌਦਿਆਂ ਦੀ ਕੋਈ ਪੇਸ਼ਕਸ਼ ਜਾਂ ਨੁਮਾਇਸ਼ ਜਾਂ ਵਿਕਰੀ ਨਹੀਂ ਹੋਣੀ ਚਾਹੀਦੀ ਜਾਂ ਵੇਚਣ ਲਈ ਰੱਖਿਆ ਨਹੀਂ ਜਾਣਾ ਚਾਹੀਦਾ;

(h) ਕੋਈ ਅਜਿਹਾ ਦਫਤਰ ਜਿਹੜਾ ਆਪਣੇ ਕੰਮ-ਕਾਜ ਦੀ ਕਿਸਮ ਕਾਰਣ ਕੋਈ ਬੇਸਕੂਨੀ ਪੈਦਾ ਕਰੇ ਜਾਂ ਬੇਸਕੂਨੀ ਪੈਦਾ ਕਰਨ ਲਈ ਜ਼ਿੰਮੇਵਾਰ ਹੋਵੇ, ਜਾਂ ਰੌਲ਼ੇ-ਗੌਲ਼ੇ, ਕੰਬਣੀ, ਜਾਂ ਗੈਸਾਂ, ਧੂੰਏਂ, ਗਰਦ, ਲਿਸ਼ਕੋਰ, ਬਦਬੂ ਪੈਦਾ ਕਰਨ ਕਾਰਣ ਨਾਗਵਾਰ ਹੋਵੇ, ਜਾਂ ਕੋਈ ਵੀ ਹੋਰ ਅਜਿਹੀ ਵਰਤੋਂ ਕਰਨਾ ਜਿਸ ਨੂੰ ਨਫਰਤ ਦੇ ਲਾਇਕ ਮੰਨਿਆ ਜਾਵੇ ਜਾਂ ਕੋਈ ਵਪਾਰ, ਕਾਰੋਬਾਰ ਜਾਂ ਕਾਰਖਾਨੇਦਾਰੀ ਜੋ ਨਾਗਵਾਰ ਹੋਵੇ।

**ਮਕਾਨਾਂ ਵਿੱਚੋਂ ਕੀਤੇ ਜਾਂਦੇ ਕਾਰੋਬਾਰਾਂ (Home Occupations) ਬਾਰੇ ਇਜਾਜ਼ਤ ਸੰਬੰਧੀ ਜ਼ੋਨਿੰਗ ਦੀਆਂ ਸ਼ਰਤਾਂ ਬਾਰੇ ਵਧੀਕ ਜਾਣਕਾਰੀ ਲਈ ਸਿਟੀ ਆਫ਼ ਬਰੈਂਪਟਨ ਦੇ ਜ਼ੋਨਿੰਗ ਡਿਪਾਰਟਮੈਂਟ (City of Brampton’s Zoning Department) ਨਾਲ 905-874-2090.’ਤੇ ਸੰਪਰਕ ਕਰੋ।**